# 5
# ''ਹੇ ਸਾਡੇ ਪਿਤਾ''

ਬਾਈਬਲ ਵਿਚ ਸਾਡੇ ਖ਼ੁਦਾ ਦੇ ਕਿੰਨੇ, ਜਾਨਦਾਰ, ਸ਼ਾਨਦਾਰ, ਅਤੇ ਭੈਦਾਇਕ ਚਿੱਤਰਣ ਹਨ![1] ਖ਼ੁਦਾ ਬਾਰੇ ਮੇਰੇ 'ਤੇ ਇਹ ਪ੍ਰਭਾਵ ਆਪਣੀ ਮਾਂ ਤੋਂ ਉਸੇ ਤਰ੍ਹਾਂ ਮਿਲਿਆ ਜਿਵੇਂ ਤੁਹਾਨੂੰ ਮਿਲਿਆ ਕਿ ਉਹ ਮਹਾਨ ਅਤੇ ਸਭ ਚੀਜ਼ਾਂ ਦਾ ਸਿਰਜਣ ਵਾਲਾ ਹੈ। ਬਾਅਦ ਵਿਚ ਮੈਂ ਪੜ੍ਹਿਆ:

> ਤਾਂ ਵੇਖੋ, ਪਹਾੜਾਂ ਦਾ ਸਾਜਣ ਵਾਲਾ, ਪੌਣ ਦਾ ਕਰਤਾ, ਜੋ ਆਦਮੀ ਨੂੰ ਉਹ ਦਾ ਵਿਚਾਰ ਦੱਸਦਾ ਹੈ, ਸਵੇਰ ਦੇ ਅਨ੍ਹੇਰੇ ਦਾ ਬਣਾਉਣ ਵਾਲਾ, ਜੋ ਧਰਤੀ ਦੀਆਂ ਉੱਚਿਆਈਆਂ ਉੱਤੇ ਚੱਲਦਾ ਹੈ, ਯਹੋਵਾਹ ਸੈਨਾਂ ਦਾ ਪਰਮੇਸ਼ੁਰ ਉਹ ਦਾ ਨਾਮ ਹੈ (ਆਮੋਸ 4:13)।

ਉਸਦੇ ਇਹੀ ਖ਼ਾਸ ਗੁਣ ਸਾਨੂੰ ਖਿੱਚਦੇ ਹਨ, ''ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ ਦਾ ਅਣਡਿੱਠ ਸੁਭਾਅ ਅਰਥਾਤ ਉਹਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹਦੀ ਰਚਨਾ ਤੋਂ ਚੰਗੀ ਤਰ੍ਹਾ ਦਿਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ'' (ਰੋਮੀਆਂ 1:20)। ਅਜਿਹੇ ਖ਼ੁਦਾ ਅੱਗੇ ਅਸੀਂ ਦੰਗ ਰਹਿ ਜਾਂਦੇ ਹਾਂ।

ਇਕ ਹੋਰ ਮੁੱਢਲਾ ਪ੍ਰਭਾਅ ਜੋ ਮੈਨੂੰ ਆਪਣੀ ਮਾਂ ਅਤੇ ਬਾਈਬਲ ਤੋਂ ਮਿਲਿਆ ਸੀ, ਉਹ ਇਹ ਸੀ ਕਿ ਖ਼ੁਦਾ ਸਾਡਾ ਸਿਰਜਣਹਾਰਾ ਹੀ ਨਹੀਂ ''ਸਗੋਂ ਨਿਆਂ ਕਰਨ ਵਾਲਾ ਖ਼ੁਦਾ'' (ਇਬਰਾਨੀਆਂ 12:23) ਵੀ ਹੈ। ਉਹ ਹਰ ਇਕ ਗੱਲ ਦਾ ਭਾਵੇਂ ਉਹ ਜ਼ਾਹਿਰ ਹੋਵੇ ਜਾਂ ਗੁਪਤ, ਚੰਗੀ ਹੋਵੇ ਜਾਂ ਮਾੜੀ ਸਭ ਦਾ ਨਿਆਂ ਕਰੇਗਾ (ਉਪਦੇਸ਼ਕ ਦੀ ਪੋਥੀ 12:14)। ਇਸ ਲਈ ਖ਼ੁਦਾ ਦੇ ਭੈ (2 ਕੁਰਿੰਥੀਆਂ 5:11) ਅਤੇ ਨਿਆਂ ਦੀ ਪੱਕਤਾ ਬਾਰੇ ਸੁਣ ਕੇ ਅਸੀਂ ਉਹਦੇ ਅੱਗੇ ਸਹਿਮੇ ਹੋਏ ਖਲੋਤੇ ਹਾਂ।

## ਸਾਡਾ ਉਸ ਨਾਲ ਸੰਬੰਧ ਹੈ

ਕੁਝ ਵੀ ਹੈ, ਖ਼ੁਦਾ ਦਾ ਸਭ ਤੋਂ ਪਿਆਰਾ ਹੋਣ ਵਾਲਾ ਅਤੇ ਬੇਸ਼ਕੀਮਤੀ ਪ੍ਰਭਾਅ ਇਹੀ ਨਹੀਂ ਹੈ ਕਿ ਉਹਦੇ ਕੋਲ ਅਥਾਹ ਸ਼ਕਤੀ ਹੈ, ਅਤੇ ਨਾ ਹੀ ਇਹ ਹੈ ਕਿ ਉਹ ਸਭ ਦਾ ਨਿਆਂ ਕਰਨ ਵਾਲਾ ਹੈ ਬਲਕਿ ਇਹ ਹੈ ਕਿ ਉਹ ਸਾਡਾ ਪਿਤਾ ਹੈ। ਜੇ ਉਹ ਸਾਡਾ ਪਿਤਾ ਹੈ ਅਤੇ ਅਸੀਂ ਉਹਦੀ ਸੰਤਾਨ ਹਾਂ ਅਤੇ ਉਹ ਸਾਨੂੰ ਸੰਭਾਲਦਾ ਵੀ ਹੈ। ਜਾਨਵਰਾਂ ਨੂੰ ਨਹੀਂ ਬਲਕਿ ਮਨੁੱਖ ਨੂੰ ਖ਼ੁਦਾ ਦੇ ਸਰੂਪ 'ਤੇ ਬਣਾਇਆ ਗਿਆ ਹੈ (ਯਾਕੂਬ 3:9)। ਸਾਡੇ ਲਈ ਆਪਣੇ ਲਗਾਅ ਕਰਕੇ ਹੀ ਖ਼ੁਦਾ ਨੇ ਮਸੀਹ ਨੂੰ ਆਖਿਆ ਸੀ, ''ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਤੇ ਆਪਣੇ ਵਰਗਾ ਬਣਾਈਏ'' (ਉਤਪਤ 1:26)। ਵਿਕਾਸਵਾਦੀ ਭਾਵ ਮਨੁੱਖ ਨੂੰ ਕਿਸੇ ਨਿਚਲੇ ਰੂਪ ਤੋਂ ਵਿਕਸਿਤ ਹੋਇਆ ਮੰਨਣ ਵਾਲੇ, ਇਸ ਵਿਚਾਰ ਨੂੰ ਮਾਣ ਨਹੀਂ ਸਕਦੇ। ਬਾਈਬਲ ਵਿਚ ਯਕੀਨ ਰੱਖਣ ਵਾਲੇ ਲੋਕ ਇਸ ਗੱਲ ਤੋਂ ਫੁੱਲੇ ਨਹੀਂ ਸਮਾਉਂਦੇ ਹਨ ਕਿ ਇਨਸਾਨ ਨੂੰ ''ਖ਼ੁਦਾ ਤੋਂ ਥੋੜ੍ਹਾ ਹੀ ਘੱਟ'' (ਜ਼ਬੂਰ 8:5; ASV) ਬਣਾਇਆ ਗਿਆ ਹੈ ਅਤੇ ''ਆਤਮਾਵਾਂ ਦੇ ਪਿਤਾ'' (ਇਬਰਾਨੀਆਂ 12:9) ਦਾ ਪੁੱਤਰ ਹੈ। ਰਚਨਾ ਰਾਹੀਂ ਸਭ ਮਨੁੱਖ ਖ਼ੁਦਾ ਦੇ ਪੁੱਤਰ ਹਨ ਅਤੇ ਉਹ ਮਨੁੱਖ ਜਾਤੀ ਦਾ ਇੱਕੋ ਪਿਤਾ ਹੈ (ਉਤਪਤ 6:2; ਲੂਕਾ 3:38; ਰਸੂਲਾਂ ਦੇ ਕੰਮ 17:26)।

ਅਤੇ ਖ਼ੁਸੀ ਦੀ ਗੱਲ ਤਾਂ ਇਹ ਵਿਚਾਰ ਹੈ ਕਿ ਸਾਡਾ ਪੂਰਵਜ ਹੇਠਾਂ ਤੋਂ ਨਹੀਂ ਸਗੋਂ ਉੱਪਰ ਤੋਂ ਹੈ ਅਰਥਾਤ ਸੁਰਗ ਤੋਂ ਹੈ। ਫਿਰ ਵੀ ਰਚਨਾ ਦੇ ਅਧਾਰ 'ਤੇ ਖ਼ੁਦਾ ਹੋਣ ਦੇ ਕਾਰਣ ਘੁਮੰਡ ਕਰਨ ਵਾਲੇ, ਇੰਜੀਲ ਦੇ ਰਾਹੀਂ ਖ਼ੁਦਾ ਦੇ ਪੁੱਤਰ ਨਾ ਬਣਨ ਵਾਲੇ ਦਾ ਅੰਤ ਪਸ਼ੂਆਂ ਨਾਲੋਂ ਵੀ ਮਾੜਾ ਹੈ। ਪਸ਼ੂ ਮਰ ਜਾਂਦੇ ਹਨ ਅਤੇ ਉਨ੍ਹਾਂ ਦਾ ਵਜੂਦ ਖ਼ਤਮ ਹੋ ਜਾਂਦਾ ਹੈ, ਪਰ ਮਨੁੱਖ ਵਿਚ ਕੁਝ ਅਜਿਹਾ ਹੈ ਜੋ ਕਦੇ ਨਹੀਂ ਮਰਦਾ, ਅਤੇ ਓਸੇ ਦੇ ਹੀ ਅਬਦੀ ਅੱਗ ਵਿਚ ਜਾਣ ਦਾ ਖ਼ਤਰਾ ਹੈ। ਕਿਉਂਕਿ ਜਿਸ ਨੂੰ ਖ਼ੁਦਾ ਦੇ ਸਰੂਪ 'ਤੇ ਹੋਣ ਦਾ ਮਾਣ ਮਿਲਿਆ ਹੈ, ਜੇ ਉਹ ਆਪਣੇ ਪਿਤਾ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ, ਤਾਂ ਉਹਦੇ ਲਈ ਚੰਗਾ ਹੁੰਦਾ ਕਿ ਉਹ ਪੈਦਾ ਹੀ ਨਾ ਹੁੰਦਾ। ਸਹੀ ਹੋਣ ਲਈ ਮਨੁੱਖ ਨੂੰ ਦੋ ਅਰਥਾਂ ਅਰਥਾਤ ਰਚਨਾ ਅਤੇ ਇਕ ਨਵੀਂ ਰਚਨਾ ਵਿਚ ਖ਼ੁਦਾ ਦੀ ਸੰਤਾਨ ਬਣਨਾ ਜ਼ਰੂਰੀ ਹੈ। ਉਹ ਸੰਸਾਰਿਕ ਮਾਤਾ-ਪਿਤਾ ਦੇ ਘਰ ਇਕ ਬਾਲਕ ਦੇ ਰੂਪ ਵਿਚ ਪੈਂਦਾ ਹੁੰਦਾ ਹੈ, ਪਰ ਉਹਦੇ ਲਈ ਨਵੇਂ ਸਿਰਿਓਂ ਪੈਦਾ ਹੋਣਾ ਵੀ ਜ਼ਰੂਰੀ ਹੈ (ਯੂਹੰਨਾ 3:3)। ਉਹਦੇ ਲਈ ਪ੍ਰਭੂ ਮਸੀਹ ਵਿਚ ''ਨਵੀਂ ਸਰਿਸ਼ਟ'' ਬਣਨਾ ਜ਼ਰੂਰੀ ਹੈ (2 ਕੁਰਿੰਥੀਆਂ 5:17)। ਸਾਡੇ ਪ੍ਰਭੂ ਨੇ ਆਖਿਆ, ''... ਕੋਈ ਮਨੁੱਖ ਜੇਕਰ ਜਲ[2] ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿਚ ਵੜ ਨਹੀਂ ਸਕਦਾ'' (ਯੂਹੰਨਾ 3:5; KJV)।

## ਉਸਦੀ ਨਜ਼ਰ ਵਿਚ ਸਾਡੀ ਬੜੀ ਅਹਿਮੀਅਤ ਹੈ

ਆਪਣੇ ਪਿਤਾ ਬਾਰੇ ਵਿਚਾਰ ਕਰਦੇ ਸਮੇਂ ਤੁਹਾਡੇ ਮਨ ਦੀਆਂ ਭਾਵਨਾਵਾਂ ਨੂੰ ਯਿਸੂ ਜਾਣਦਾ ਹੈ, ਅਤੇ ਉਹ ਚਾਹੁੰਦਾ ਹੈ ਕਿ ਉਹਦੇ ਚੇਲੇ ਖ਼ੁਦਾ ਲਈ ਇਹੀ ਸੋਚ ਰੱਖਣ। ਜਦ ਦੁਨਿਆਵੀ ਪਿਤਾ ਆਪਣੇ ਬੱਚੇ ਦੇ ਮੂੰਹ ਵਿਚ ਨਵਾਲਾ ਪਾਉਣ ਲਈ ਐਨੀ ਕੁਰਬਾਨੀ ਦੇ ਸਕਦਾ ਹੈ, ''ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ'' (ਮੱਤੀ 7:11)। ਅਸੀਮ ਸ਼ਕਤੀ ਅਤੇ ਅੰਤਰਯਾਮੀ ਹੋਣ ਕਰਕੇ ਉਹ ਮੇਰੇ ਬਾਰੇ ਮੇਰੇ ਤੋਂ ਵੱਧ ਜਾਣਦਾ ਹੈ, ਐਥੋਂ ਤਕ ਕਿ ਉਸਨੇ ਮੇਰੇ ਸਿਰ ਦੇ ਵਾਲ ਵੀ ਗਿਣੇ ਹੋਏ ਹਨ (ਲੂਕਾ 12:7)। ਚਿੜੀ ਨੂੰ ਵੀ ਨਾ ਭੁੱਲਣ ਵਾਲਾ ਆਪਣੇ ਬੱਚਿਆਂ ਨੂੰ ਯਕੀਨ ਦਵਾਉਂਦਾ ਹੈ ਕਿ ''ਨਾ ਡਰੋ, ਤੁਸੀਂ ਬਹੁਤੀਆਂ ਚਿੜੀਆਂ ਨਾਲੋਂ ਉੱਤਮ ਹੋ'' (ਲੂਕਾ 12:7)।

ਸੱਤਾਂ ਬੱਚਿਆਂ ਦੀ ਮਾਂ ਆਖਦੀ ਸੀ, ''ਮੈਨੂੰ ਆਪਣੇ ਸਾਰੇ ਬੱਚੇ ਪਿਆਰੇ ਹਨ।'' ਦੁਨਿਆਵੀ ਮਾਂ-ਪਿਓ ਆਪਣੇ ਬੱਚਿਆਂ ਨੂੰ ਪਿਆਰ ਕਰਦੇ ਹਨ, ਪਰ ਉਹ ਕਿੰਨਾ ਪਿਆਰ ਕਰਦਾ ਹੋਵੇਗਾ ਜੋ ਸਭ ਦਾ ਪਿਤਾ ਹੈ! ਉਹ ਬੜੇ ਪਿਆਰ ਨਾਲ ਮੇਰੇ ਵੱਲ ਵੇਖਦਾ ਹੈ ਅਤੇ ਓਸੇ ਵਕਤ ਉਹਨੂੰ ਦੁਨੀਆਂ ਦੀ ਕਿਸੇ ਨੁੱਕਰੇ ਵੱਸਦੇ ਆਪਣੇ ਕਿਸੇ ਬੱਚੇ ਦੀ ਓਨਾ ਹੀ ਧਿਆਨ ਹੁੰਦਾ ਹੈ। ਉਹ ਛੇ ਅਰਬ ਤੋਂ ਵੱਧ ਲੋਕਾਂ ਨੂੰ ਜੋ ਧਰਤੀ ਤੇ ਰਹਿੰਦੇ ਹਨ ਅਤੇ ਕਈ ਅਰਬ ਜੋ ਰੂਹਾਨੀ ਜਗਤ ਵਿਚ ਉਸਦੇ ਬੱਚੇ ਹਨ ਨਾਮ-ਬ-ਨਾਮ ਜਾਣਦਾ ਹੈ, ਵੇਦੀ ਦੇ ਹੇਠਾਂ (ਦੁੱਖ ਸਹਿਣ ਵਾਲੇ ਲੋਕ) ਰੂਹਾਂ ਜਦ ਆਪਣੇ ਛੁਡਾਉਣ ਵਾਲੇ ਨੂੰ ਪੁਕਾਰਦੀਆਂ ਹਨ ਤਾਂ ਉਹ ਉਨ੍ਹਾਂ ਦੀ ਸੁਣਦਾ ਹੈ (ਪ੍ਰਕਾਸ਼ ਦੀ ਪੋਥੀ 6:9,10)। ਖ਼ੁਦਾ ਦੇ ਛੇ ਅਰਬ ਤੋਂ ਵੱਧ ਸਰੂਪਾਂ ਵਿੱਚੋਂ ਕੋਈ ਵੀ ਜੋ ਅਜੇ ਮਨੁੱਖੀ ਦੇਹ ਵਿਚ ਹਨ ਉਸਨੂੰ ਕਿਸੇ ਵੀ ਸਮੇਂ ਪੁਕਾਰ ਸਕਦਾ ਹੈ। ਉਸ ਸਭ ਦੀ ਸੁਣਵਾਈ ਲਈ ਉਸਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ। ਉਹ ਹਰ ਇਕ ਦੀ ਗੱਲ ਓਨੇ ਹੀ ਧੀਰਜ ਅਤੇ ਧਿਆਨ ਨਾਲ ਸੁਣਦਾ ਹੈ ਜਿਵੇਂ ਇੱਕੋ ਇਨਸਾਨ ਦੀ ਸੁਣ ਰਿਹਾ ਹੋਵੇ।

## ਸਾਡੀ ਉਸ ਪ੍ਰਤੀ ਜ਼ਿੰਮੇਵਾਰੀ ਹੈ

ਬੇਸ਼ੱਕ, ਪਿਤਾ ਫ਼ਰੇਬ ਨਾਲ ਦੁਆ ਕਰਨ ਵਾਲੇ ਦੀ ਨਹੀਂ ਸੁਣੇਗਾ। ਖ਼ੁਦਾ ਦੀ ਸ਼ਰ੍ਹਾ ਨੂੰ ਸੁਣਨ ਤੋਂ ਕੰਨ ਫੇਰ ਲੈਣ ਵਾਲੇ ਦੀ ਦੁਆ ਵੀ ਘਿਣਾਉਣੀ ਹੁੰਦੀ ਹੈ (ਕਹਾਉਤਾਂ 28:9)। ਖ਼ੁਦਾ ਦੀਆਂ ਅੱਖਾਂ ਧਰਮੀਆਂ 'ਤੇ ਅਤੇ ਉਹਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਲੱਗੇ ਰਹਿੰਦੇ ਹਨ। ਖ਼ੁਦਾ ਦਾ ਮੂੰਹ

ਕੁਕਰਮੀਆਂ ਦੇ ਵਿਰੁੱਧ ਹੈ (1 ਪਤਰਸ 3:12)। ਉਹ ਆਪਣੇ ਨਾਲ ਗੱਲ ਕਰਨ ਦੇ ਲਈ ਭਲਿਆਈ ਕਰਨ ਵਾਲਿਆਂ ਨੂੰ ਖੁਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਨਿਰਾਸ਼ ਨਹੀਂ ਕਰਦਾ (ਲੂਕਾ 18:1)।

ਬਾਪ ਦੁਨਿਆਵੀ ਹੋਵੇ ਜਾਂ ਅਸਮਾਨੀ, ਜਦ ਬੱਚਾ ''ਸ਼ੁਕਰੀਆ'' ਆਖਣਾ ਛੱਡ ਦਿੰਦਾ ਹੈ ਤਾਂ ਦੋਵੇਂ ਹੀ ਖੁਸ਼ ਨਹੀਂ ਹੁੰਦੇ। ਜਦ ਕਦੇ ਵੀ ਮੈਂ ਉਸ ਨਾਲ ਗੱਲ ਕੀਤੇ ਬਗ਼ੈਰ ਕਮਰੇ ਵਿੱਚੋਂ ਬਾਹਰ ਨਿੱਕਲ ਜਾਂਦਾ ਹਾਂ, ਤਾਂ ਬਾਪ ਦਾ ਮਨ ਦੁਖੀ ਹੁੰਦਾ ਹੈ। ਜਦ ਮੈਂ ਦਿਨ ਭਰ ਦੇ ਕੰਮ ਉਸਨੂੰ ਭਰੋਸੇ 'ਚ ਲਏ ਬਗ਼ੈਰ ਅਤੇ ਉਹਦੇ ਉਪਾਅ ਦੇ ਬਗ਼ੈਰ ਰੁੱਖਾ ਹੋ ਕੇ ਕੁਝ ਕਰਨ ਦੀ ਕੋਸ਼ਿਸ਼ ਕਰਦਾ ਹਾਂ ਤਾਂ ਉਸਦਾ ਮਨ ਦੁਖੀ ਹੁੰਦਾ ਹੈ। ਯਿਸੂ ਵਾਂਗ ਹੀ ਜੇ ਤੁਸੀਂ ਵੀ (ਮਰਕੁਸ 1:35) ਮੰਨਦੇ ਹੋ ਕਿ ਤੁਸੀਂ ਪੂਰਾ ਦਿਨ ਕੋਈ ਗੱਲ ਜਾਂ ਕੰਮ ਆਪਣੇ ਮਦਦਗਾਰ ਪਿਤਾ ਨਾਲ ਅਲਹਿਦਾ ਹੋ ਕੇ ਗੱਲ ਕੀਤੇ ਬਿਨਾਂ ਨਹੀਂ ਕਰ ਸਕਦੇ, ਤਾਂ ਉਸਨੂੰ ਖੁਸ਼ੀ ਹੁੰਦੀ ਹੈ। ਜਦ ਤੁਸੀ ਗੁਪਤ ਵਿਚ ਆਪਣੇ ਬਾਪ ਨਾਲ ਗੱਲ ਕਰਨ ਲਈ ਕਿਸੇ ਏਕਾਂਤ ਥਾਂ ਜਾਂ ਬਾਗ਼ ਵਿਚ ''ਸਵੇਰ ਦੀ ਤਰੇਲ ਸੁੱਕਣ ਤੋਂ ਪਹਿਲਾਂ''[3] ਜਾਂਦੇ ਹੋ ਤਾਂ ਤੁਹਾਨੂੰ ਦਿਨ ਭਰ ਲਈ ਊਰਜਾ ਮਿਲੇਗੀ, ਅਤੇ ਤੁਸੀਂ ਅਸਾਨੀ ਨਾਲ ਸ਼ੈਤਾਨ ਦੇ ਪੰਜੇ ਵਿਚ ਨਹੀਂ ਫ਼ਸੋਗੇ। ''... ਜਿਵੇਂ ਤੇਰੇ ਦਿਨ ਤਿਵੇਂ ਤੇਰਾ ਬਲ ਹੋਵੇ'' (ਵਿਵਸਥਾਸਾਰ 33:25)। ਦਾਨੀਏਲ ਵਾਂਗ ਜੇ ਤੁਸੀਂ ਦਿਨ ਵੇਲੇ ਖ਼ੁਦਾ ਦੀ ਸੰਗਤੀ ਦੇ ਨਾਲ ਸੁਰਗੀ ਥਾਂਵਾਂ 'ਤੇ ਬਹਿਣ ਲਈ ਸਮਾਂ ਕੱਢੋ, ਤਾਂ ਤੁਸੀਂ ਦਿਨ ਭਰ ਦੇ ਕੰਮ ਕਾਜ ਵਿਚ ਵੱਧ ਦਿਆਲੂ ਅਤੇ ਧੀਰਜਵਾਨ ਹੋਵੋਗੇ। ਸ਼ਾਮ ਵੇਲੇ ਭੋਜਨ ਅਤੇ ਸੌਣ ਲਈ, ਆਪਣੇ ਪਰਿਵਾਰ ਅਤੇ ਦੋਸਤਾਂ ਲਈ, ਰਹਿਮ ਅਤੇ ਹਿਫ਼ਾਜ਼ਤ ਲਈ, ਪਾਪਾਂ ਦੀ ਮਾਫ਼ੀ 'ਤੇ ਪਾਕੀਜ਼ਗੀ ਲਈ ਆਪਣੇ ਪਿਤਾ ਦਾ ਸ਼ੁਕਰ ਕਰਨਾ ਨਾ ਭੁੱਲੋ, ਮੁਕਤੀ ਅਤੇ ਆਨੰਦ ਤੁਹਾਨੂੰ ਮਿਲ ਜਾਣਗੇ ਅਤੇ ਤੁਸੀਂ ਚੈਨ ਦੀ ਨੀਂਦ ਸੌਂ ਸਕੋਗੇ।

## ਉਹ ਤੁਹਾਡੀ ਹੈ

ਤੁਹਾਡਾ ਇਕ ਪਿਤਾ ਹੈ। ਉਹ *ਤੁਹਾਡਾ* ਪਿਤਾ ਹੈ। ਅਸੀਂ ਮਨੁੱਖ ਉਸ ਪਿਤਾ ਦੇ ਨਾਲ ਗੱਲ ਕਰਨ ਵਾਲੇ ਸਭ ਤੋਂ ਭਾਗਾਂ ਵਾਲੇ ਹਾਂ ਕਿ ਅਕਾਸ਼ ਅਤੇ ਧਰਤੀ ਦਾ ਮਾਲਕ ਸਾਡਾ ਸੁਰਗੀ ਪਿਤਾ ਹੈ। ਅਸੀਂ ਕਿਸੇ ਹੋਰ ਕੋਲ ਦੁਆ ਕਰਨ ਲਈ ਕਿਉਂ ਜਾਈਏ? ਅਫ਼ਸੋਸ ਦੀ ਗੱਲ ਹੈ ਕਿ ਲੱਖਾਂ ਕਰੋੜਾਂ ਬੱਚਿਆਂ ਨੂੰ ਮਰੀਅਮ ਅਤੇ ਸੰਤਾਂ ਅੱਗੇ ਦੁਆ ਕਰਨਾ ਸਿਖਾਇਆ ਜਾਂਦਾ ਹੈ। ਫ਼ਰਿਸ਼ਤਿਆਂ ਨੂੰ ਵੀ ਲੋੜ ਤੋਂ ਵੱਧ ਵਡਿਆਈ ਨਹੀਂ ਦਿੱਤੀ ਗਈ ਹੈ (ਮੱਤੀ 4:10; ਕੁਲੁੱਸੀਆਂ 2:18; ਪ੍ਰਕਾਸ਼ ਦੀ ਪੋਥੀ 22:8, 9), ਜੋ ਮਨੁੱਖੀ ਦੇਹ ਵਿਚ ਹੋਣ ਜਾਂ ਦੇਹ ਤੋਂ ਬਾਹਰ, ਉਨ੍ਹਾਂ ਤੋਂ ਬਹੁਤ ਹੀ ਘੱਟ ਹਨ (ਰਸੂਲਾਂ ਦੇ ਕੰਮ 10:25, 26; 14:15)। ਮਰੀਅਮ ਦੀ ਪੂਜਾ ਕਰਨ ਵਾਲਿਆਂ ਨੇ ''ਸ੍ਰਿਸ਼ਟੀ ਦੀ ਪੂਜਾ ਅਤੇ ਉਪਾਸਨਾ ਕੀਤੀ ਨਾ ਕਿ ਉਸ ਸਿਰਜਣਹਾਰ ਦੀ ਜਿਹੜਾ ਯੁੱਗੋ ਯੁੱਗ ਧੰਨ ਹੈ'' (ਰੋਮੀਆਂ 1:25)। ਸਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਅਸੀਂ ਪਿਤਾ ਨਾਲ ਇਵੇਂ ਗੱਲ ਕਰ ਸਕਦੇ ਹਾਂ ਜਿਵੇਂ ਕਿਸੇ ਦੋਸਤ ਨਾਲ ਗੱਲ ਕਰ ਰਹੇ ਹੋਈਏ, ਅਤੇ ਸਾਡੇ ਨਾਲ ਸਾਡੀ ਸਿਫ਼ਾਰਸ਼ ਕਰਨ ਲਈ ਪਵਿੱਤਰ ਆਤਮਾ (ਰੋਮੀਆਂ 8:26, 27) ਅਤੇ ਯਿਸੂ (1 ਯਹੂੰਨਾ 2:1) ਖਲੋਤੇ ਹੁੰਦੇ ਹਨ।

ਕਿਸੇ ਨੇ ਕਿਹਾ ਹੈ ਕਿ ਅਸੀਂ ਖ਼ੁਦਾ ਨੂੰ ਮੁਖ਼ਾਤਿਬ ਹੁੰਦਿਆਂ ਹੋਇਆਂ ''ਤੁਸੀਂ'' ਦੀ ਬਜਾਏ ''ਤੂੰ'' ਕਹਿ ਕੇ ਉਸ ਦੇ ਬਹੁਤਾ ਨੇੜੇ ਹੁੰਦੇ ਹਾਂ। ''ਤੁਸੀਂ'' ਕਹਿਣ ਵਿਚ ਵਧੇਰੇ ਇੱਜ਼ਤ ਹੈ, ਕਿਉਂਕਿ ਉਮਰ ਨਾਲ ਵਾਲ ਚਿੱਟੇ ਹੋ ਜਾਂਦੇ ਹਨ; ਰਵਾਇਤੀ ਭਾਸ਼ਾ ਵਿਚ ਆਮ ਸ਼ਬਦਾਂ ਤੋਂ ਵੱਧ ਇੱਜ਼ਤ ਨਹੀਂ ਮਿਲਦੀ ਹੈ। ਨਹੀਂ, ਤੁਸੀਂ ਉਸ ਪਿਤਾ ਦੇ ਐਨਾ ਨੇੜੇ ਨਹੀਂ ਹੋ ਸਕਦੇ, ਜੋ ਤੁਹਾਡੇ ਨਾਲ ਉਵੇਂ ਹੀ ਚੱਲਣਾ ਚਾਹੁੰਦਾ ਹੈ ਜਿਵੇਂ ਦੁਨੀਆਂ ਵਿਚ ਪਾਪ ਦੇ ਆਉਣ ਤੋਂ ਪਹਿਲਾਂ, ਦਿਨ ਦੇ ਠੰਡੇ ਸਮੇਂ ਅਦਨ ਦੇ ਰੁੱਖਾਂ ਹੇਠ ਆਦਮ ਦੇ ਨਾਲ ਟਹਿਲਦਾ ਸੀ (ਜਿਵੇਂ ਉਤਪਤ 3:8 ਵਿਚ ਸੰਕੇਤ ਹੈ)। ਭਲਾ ਕੋਈ ਮਨੁੱਖ ਖ਼ੁਦਾ

ਨਾਲ ਐਨਾ ਗੁਸਤਾਖ਼ ਹੋ ਸਕਦਾ ਹੈ, ਜਿਸਦੇ ਲਈ ਉਸਨੂੰ ਸਜ਼ਾ ਮਿਲੇ। ਪਰ ਨੇੜੇ ਦੇ ਅਰਥਾਂ ਵਿਚ ਹੀ ਖ਼ੁਦਾ ਨਾਲ ਨਜ਼ਦੀਕੀ ਹੋਣੀ ਚਾਹੀਦੀ ਹੈ, ਕਿਉਂਕਿ ਅਸੀਂ ਉਸ ਦੇ ਸਰੂਪ 'ਤੇ ਬਣਾਏ ਗਏ ਹਾਂ। ਅਸੀਂ ਡੂੰਘੇ ਖ਼ਿਆਲਾਂ ਵਿਚ ਉਹਦੇ ਨਾਲ ਚੱਲ ਸਕਦੇ ਹਾਂ; ਉਹ ਸਾਡੇ ਬਾਰੇ ਸਭ ਕੁਝ ਜਾਣਦਾ ਹੈ। ਸਾਡੀ ਜ਼ਿੰਦਗੀ ਦੇ ਰਾਹੀਂ ਉਸਦੇ ਫ਼ਜ਼ਲ ਦੀ ਤਾਰੀਫ਼ ਅਤੇ ਵਡਿਆਈ ਹੋਣੀ ਚਾਹੀਦੀ ਹੈ।

## ਉਸਨੂੰ ਸਾਡੀ ਫ਼ਿਕਰ ਅਤੇ ਸਾਡਾ ਧਿਆਨ ਹੈ

ਜਦੋਂ ਮੈਂ ਆਪਣੀ ਜ਼ਿੰਦਗੀ ਵਿਚ ਆਪਣੀ ਕਿਸਮਤ 'ਤੇ ਕੁੜ੍ਹਦਾ ਹਾਂ ਜਾਂ ਆਪਣੇ 'ਤੇ ਪੈਣ ਵਾਲੇ ਦੁਸ਼ਪ੍ਰਭਾਵਾਂ 'ਤੇ ਸ਼ਿਕਾਇਤ ਕਰਦਾ ਹਾਂ ਤਾਂ ਯੂਸਫ਼ ਦੇ ਚੰਗੇ ਵਰਤਾਉ ਤੋਂ, ਜਦ ਕਿ ਉਸ ਨਾਲ ਭੈੜਾ ਸਲੂਕ ਹੋਇਆ ਸੀ, ਮੈਨੂੰ ਸ਼ਰਮਸਾਰ ਹੋਣਾ ਚਾਹੀਦਾ ਹੈ। ਜੋ ਵੀ ਉਸ 'ਤੇ ਬੀਤਿਆ ਉਸ ਸਭ ਵਿਚ ਪਿਤਾ ਦਾ ਹੱਥ ਸੀ। ਯੂਸਫ਼ ਦਾ ਅਤੇ ਮੇਰਾ ਪਿਤਾ ਮੈਨੂੰ ਆਪਣੇ ਸਾਰੇ ਫ਼ਿਕਰ ਉਸ ਉੱਤੇ ਸੁੱਟ ਦੇਣ ਲਈ ਕਹਿੰਦਾ ਹੈ, ਕਿਉਂਕਿ ਉਹ ਸਾਨੂੰ ਸੰਭਾਲਦਾ ਹੈ (1 ਪਤਰਸ 5:7)। ਜਦ ਮੈਂ ਬੁੜ-ਬੁੜ ਕਰਨ ਦੀ ਅਜ਼ਮਾਇਸ਼ ਵਿਚ ਪੈਂਦਾ ਹਾਂ ਤਾਂ ਉਹ ਮੈਨੂੰ ਹੌਲੇ ਜਿਹੇ ਝਿੜਕਦਾ ਹੈ, ''ਤੂੰ ਭੁੱਲ ਗਿਆ ਹੈਂ'' ਕਿ ਪੁੱਤਰ ਨੂੰ ਕਦੇ-ਕਦੇ ਤਾੜਨਾ ਜ਼ਰੂਰੀ ਹੁੰਦਾ ਹੈ (ਵੇਖੋ ਇਬਰਾਨੀਆਂ 12:5)। ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ, ਉਸਨੇ ਮੈਨੂੰ ਇਹ ਗੱਲ ਸਮਝਣ ਦੀ ਬੇਨਤੀ ਕੀਤੀ ਹੈ, ''ਹੇ ਮੇਰੇ ਪੁੱਤਰ, ਤੂੰ ਪ੍ਰਭੂ ਦੀ ਤਾੜ ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ, ਕਿਉਂ ਜੋ ਜਿਹਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ, ਅਤੇ ਹਰੇਕ ਪੁੱਤਰ ਨੂੰ ਜਿਹਨੂੰ ਉਹ ਕਬੂਲ ਕਰਦਾ ਹੈ ਉਹ ਕੋਰੜੇ ਮਾਰਦਾ ਹੈ'' (ਇਬਰਾਨੀਆਂ 12:5, 6)।

ਆਪਣੇ ਦੁਨਿਆਵੀ ਪਿਤਾ ਤੋਂ ਕਦੇ ਕਦੇ (ਕਈ ਵਾਰ ਰੋ-ਰੋ ਕੇ) ਮੈਂ ਕੋਈ ਚੀਜ਼ ਮੰਗਦਾ ਹੁੰਦਾ ਸਾਂ ਤਾਂ ਉਹ ਮੈਨੂੰ ਨਹੀਂ ਦਿੰਦਾ ਸੀ। ਉਹਨੂੰ ਪਤਾ ਹੁੰਦਾ ਸੀ ਕਿ ਉਹ ਚੀਜ਼ ਮਿਲ ਜਾਣ ਨਾਲ ਮੇਰਾ ਕੋਈ ਭਲਾ ਨਹੀਂ ਹੋਣਾ। ਕਈ ਵਾਰ ਸੁਰਗੀ ਪਿਤਾ, ਆਪਣੇ ਪਿਆਰ ਕਰਕੇ, ਉਹ ਚੀਜ਼ਾਂ ਦੇਣ ਤੋਂ ਨਾਂਹ ਕਰ ਦਿੰਦਾ ਹੈ ਜੋ ਮੈਂ ਉਸ ਤੋਂ ਮੰਗਦਾ ਹਾਂ। ਜਦ ਤਕ ਤੁਸੀਂ ਅਤੇ ਮੈਂ ਉਹਦੇ ਹੁਕਮਾਂ ਨੂੰ ਮੰਨਦੇ ਅਤੇ ਉਹ ਕੰਮ ਕਰਦੇ ਹਾਂ ਜੋ ਉਸਦੀ ਨਜ਼ਰ ਵਿਚ ਚੰਗਾ ਹੈ। ਬੁੱਢਾ ਹੋਣ ਦੇ ਬਾਵਜੂਦ ਉਹਦੀ ਨਜ਼ਰ ਵਿਚ ਮੈਂ ਅੱਲੜ੍ਹ ਜੁਆਨ ਹੀ ਹਾਂ। ਜਦ ਤਕ ਤੁਸੀਂ ਅਤੇ ਮੈਂ ਉਹਦੇ ਹੁਕਮਾਂ ਨੂੰ ਮੰਨਦੇ ਹਾਂ ਅਤੇ ਉਹ ਕੰਮ ਕਰਦੇ ਹਾਂ ਜੋ ਉਸਦੀ ਨਜ਼ਰ ਵਿਚ ਚੰਗਾ ਹੈ, ਤਦ ਤਕ ਉਹ ਕਦੇ ਵੀ ਸਾਡੀ ਦੁਆ ਨੂੰ ਸੁਣਨ ਅਤੇ ਉਹਦਾ ਜਵਾਬ ਦੇਣ ਲਈ ਨਾਕਾਮ ਨਹੀਂ ਹੁੰਦਾ (1 ਯੂਹੰਨਾ 3:22)। ਕੋਈ ਚੀਜ਼ ਬਾਰ-ਬਾਰ ਮੰਗਣ 'ਤੇ ਵੀ ਨਹੀਂ ਮਿਲਦੀ ਤਾਂ ਪੌਲੁਸ 'ਤੇ ਧਿਆਨ ਕਰੋ ਜਿਹਨੇ ਆਪਣੇ ਸਰੀਰ ਵਿੱਚੋਂ ਕੰਡਾ ਕੱਢਣ ਲਈ ਬਾਰ-ਬਾਰ ਦੁਆ ਕੀਤੀ ਸੀ (2 ਕੁਰਿੰਥੀਆਂ 12:8, 9)। ਵਿਸ਼ਵਾਸ ਦਾ ਵਚਨ ਤੁਹਾਨੂੰ ਯਕੀਨ ਦੁਆਉਂਦਾ ਹੈ ਕਿ ਖ਼ੁਦਾ ਨੇ ਕੋਈ ਚੰਗੀ ਚੀਜ਼ ਦੇਣ ਤੋਂ ਤੁਹਾਨੂੰ ਇਨਕਾਰ ਨਹੀਂ ਕੀਤਾ (ਜ਼ਬੂਰ 84:11) ਉਹ ਚਾਹੁੰਦਾ ਹੈ ਕਿ ਤੁਸੀਂ ਜਾਣ ਜਾਓ ਕਿ ਤੁਹਾਡੀ ਦੁਆ ਦਾ ਉਸ ਵੱਲੋਂ ਰੱਦ ਕੀਤਾ ਜਾਣਾ ਤੁਹਾਡੇ ਭਲੇ ਲਈ ਹੈ।

ਜੇ ਤੁਸੀਂ ਯਿਸੂ ਵਾਂਗ ਹੀ, ਉਹਦੇ ਸਾਹਮਣੇ ਜੋ ਅਜਿਹਾ ਸਮਰੱਥ ਹੈ ਅਤੇ ਸਮਝ ਤੋਂ ਕਿਤੇ ਵੱਧ ਕੰਮ ਕਰ ਸਕਦਾ (ਅਫ਼ਸੀਆਂ 3:20), ''ਬਹੁਤ ਢਾਹਾਂ ਮਾਰ ਮਾਰ ਕੇ ਅਤੇ ਹੰਝੂ ਕੇਰ ਕੇਰ ਕੇ'' (ਇਬਰਾਨੀਆਂ 5:7) ਦੁਆ ਕਰੋ ਤਾਂ ਉਹ ਤੁਹਾਡੀ ਮਰਜ਼ੀ ਮੁਤਾਬਕ ਨਾ ਕਰਕੇ ਤੁਹਾਨੂੰ ਦੁਖੀ ਕਰਦਾ। ਜੋ ਕੁਝ ਤੁਸੀ ਮੰਗ ਰਹੇ ਹੋ, ਹੋ ਸਕਦਾ ਹੈ ਉਸ ਤੋਂ ਦੂਜਿਆਂ ਦਾ ਭਲਾ ਨਾ ਹੁੰਦਾ ਹੋਵੇ। ਖ਼ੁਦਾ ਦੀਆਂ ਨਜ਼ਰਾਂ ਧਰਤੀ ਤੇ ਇੱਧਰ-ਉੱਧਰ ਘੁੰਮਦੀਆਂ ਰਹਿੰਦੀਆਂ ਹਨ (2 ਇਤਿਹਾਸ 16:9) ਅਤੇ ਉਸਦਾ ਧਿਆਨ ਅੱਗੇ ਅਨੰਤਕਾਲ ਵੱਲ ਹੁੰਦਾ ਹੈ। ਯਿਸੂ ਦਾ ਪਿਤਾ ਉਸਦਾ ਦੁੱਖ ਵੇਖਣਾ ਨਹੀਂ ਚਾਹੁੰਦਾ ਸੀ,

ਫਿਰ ਵੀ ਉਸਦੀ ਦੁਆ ਸੁਣੀ ਨਹੀਂ ਗਈ ਸੀ। ਯਿਸੂ ਦਾ ਪਿਤਾ ਹੀ, ਤੁਹਾਡਾ ਪਿਤਾ ਹੈ। ਉਹ ਤੁਹਾਨੂੰ ਉਦੋਂ ਤੋਂ ਜਾਣਦਾ ਹੈ ਜਦੋ ਤੁਸੀਂ ਪੈਦਾ ਵੀ ਨਹੀਂ ਹੋਏ ਸੀ। ਕਿਉਂਕਿ ਉਹਨੇ ਤੁਹਾਨੂੰ ਅਤੇ ਮੈਨੂੰ ਵੇਖਿਆ ਅਤੇ ਸਾਨੂੰ ਸੰਭਾਲਦਾ ਵੀ ਹੈ, ਇਸੇ ਲਈ ਖ਼ੁਦਾ ਨੇ ਆਪਣੇ ਇਕਲੌਤੇ ਪੁੱਤਰ ਨੂੰ ਕੁਚਲਿਆ ਅਤੇ ਦੁੱਖ ਵਿਚ ਪਾਇਆ (ਵੇਖੋ ਯਸਾਯਾਹ 53:10)। ਇਸ ਤਰ੍ਹਾਂ ਹਮੇਸ਼ਾ ਖੁਸ਼ ਰਹਿਣ ਵਾਲੇ ਦੀ ਜੋਸ਼ੀਲੀ ਅਤੇ ਤਰਸ ਭਰੀ ਦੁਆ (ਯੂਹੰਨਾ 8:29) ਉਹਦੇ ਪਿਤਾ ਨੂੰ ਚੰਗੀ ਲੱਗੀ। ਜੇ ਪਿਤਾ ਤੁਹਾਡੀ ਬਾਰ-ਬਾਰ ਕੀਤੀ ਬੇਨਤੀ ਨੂੰ ਨਹੀਂ ਮੰਨਦਾ, ਤਾਂ ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਤੁਸੀਂ ਉਸ ਦੇ ਇਕਲੌਤੇ ਪੁੱਤਰ ਨਾਲੋਂ ਬਹੁਤੇ ਨਹੀਂ ਹੋ।

## ਸਾਨੂੰ ਉਸਦੀ ਵਫ਼ਾਦਾਰੀ ਮਿਲੀ ਹੈ

ਤੁਹਾਨੂੰ ਇਕ ਸਰਬਸ਼ਕਤੀਮਾਨ ਪਿਤਾ ਮਿਲਿਆ ਹੈ, ਜੋ ਉਸ ਸਭ ਨੂੰ ਸੰਭਾਲਣ ਦੇ ਯੋਗ ਹੈ ਜੋ ਤੁਸੀਂ ਉਸ ਨੂੰ ਉਸ ਦਿਨ ਤਕ ਸੌਂਪਿਆ ਸੀ (2 ਤਿਮੋਥਿਉਸ 1:12)। ਅਜਿਹੀ ਅਬਦੀ ਬਰਕਤ ਦਾ ਭਰੋਸਾ ਦੇਣ ਲਈ, ਜਦ ਤਕ ਤੁਸੀਂ ਉਸ ਨੂੰ ਪਿਆਰ ਕਰਦੇ ਹੋ, ਉਨ੍ਹਾਂ ਸਭ ਗੱਲਾਂ ਨੂੰ ਮਿਲਾ ਕੇ ਤੁਹਾਨੂੰ ਭਲਾ ਹੀ ਕਰਵਾਉਂਦਾ ਹੈ (ਰੋਮੀਆਂ 8:28)। ਤੁਹਾਡੀ ਜ਼ਿੰਦਗੀ ਵਿਚ ਭਲਾ ਕਰਵਾਉਣ ਲਈ ਉਹ ਸਭ ਗੱਲਾਂ ਵੇਖ ਕੇ ਉਨ੍ਹਾਂ ਦਾ ਇੰਤਜ਼ਾਮ ਕਿਵੇਂ ਕਰ ਸਕਦਾ ਹੈ? ਇਸ ਸਵਾਲ ਦਾ ਜਵਾਬ ਲੱਭਣਾ ਤੁਹਾਡੇ ਵੱਸ ਦੀ ਗੱਲ ਨਹੀਂ ਹੈ। ਬਸ ਯਕੀਨ ਰੱਖੋ, ਸ਼ੱਕ ਨਾ ਕਰੋ। ਉਸ ਨੇ ਜੋ ਕੁਝ ਕਿਹਾ ਹੈ ਉਸਨੂੰ ਉਹ ਜ਼ਰੂਰ ਕਰੇਗਾ। ਖ਼ੁਦਾ ਵਫ਼ਾਦਾਰ ਹੈ। ਬੇ-ਯਕੀਨੀ ਨਾਲ ਖ਼ੁਦਾ ਦੇ ਵਾਇਦੇ ਤੋਂ ਡੋਲੋ ਨਾ, ਸਗੋਂ ਖ਼ੁਦਾ ਬਾਪ ਨੂੰ ਵਡਿਆਈ ਦਿੰਦੇ ਹੋਏ, ਵਿਸ਼ਵਾਸ ਵਿਚ ਵਧਦੇ ਜਾਓ (ਰੋਮੀਆਂ 4:20)।

ਜਦ ਤੁਹਾਨੂੰ ਲੱਗੇ ਕਿ ਜਿੰਨੀਆਂ ਮੁਸੀਬਤਾਂ ਤੁਹਾਡੇ ’ਤੇ ਆ ਸਕਦੀਆਂ ਸਨ, ਉਹ ਆ ਚੁਕੀਆਂ ਹਨ ਅਤੇ ਮੁਸੀਬਤਾਂ ਦਾ ਢੇਰ ਵੀ ਲੱਗ ਜਾਵੇ, ਤਾਂ ਵੀ ਅਖ਼ੀਰ ਤਕ ਉਮੀਦ ਰੱਖੋ ਤਾਂ ਜੋ ਤੁਸੀਂ ਮੌਤ ਤਕ ਵਫ਼ਾਦਾਰ ਬਣੇ ਰਹਿ ਸਕੋ।

## ਸਾਨੂੰ ਉਸਦੀ ਮੁਕਤੀ ਮਿਲੀ ਹੈ

ਸਭ ਚੀਜ਼ਾਂ ਨਾਲ ਤੁਹਾਡਾ ਭਲਾ ਕਰਵਾ ਕੇ, ਉਹ ਨਾ ਸ਼ਿਰਫ਼ ਤੁਹਾਡੇ ਲਈ ਪਹਿਲਾਂ ਜ਼ਾਤੀ ਪ੍ਰਬੰਧ (ਨਿੱਜੀ ਅਤੇ ਖ਼ਾਸ ਉਪਾਅ) ਕਰਦਾ ਹੈ, ਸਗੋਂ ਸ਼ੈਤਾਨ ਦੇ ਤੁਹਾਡੇ ਬਹੁਤ ਨੇੜੇ ਆਉਣ ਤੇ, ਉਹ ਆਪ ਤੁਹਾਡੇ ਤੇ ਆਪਣਾ ਹੱਥ ਵੀ ਰੱਖਦਾ ਹੈ। ਉਹ ਤੁਹਾਨੂੰ ਤੁਹਾਡੀ ਤਾਕਤ ਤੋਂ ਵੱਧ ਅਜ਼ਮਾਇਸ਼ ਵਿਚ ਪੈਣ ਨਹੀਂ ਦਿੰਦਾ, ਸਗੋਂ ਤੁਹਾਡੇ ਰਾਹ ਵਿਚ ਆਉਣ ਵਾਲੀ ਅਜ਼ਮਾਇਸ਼ ਵਿੱਚੋਂ ਨਿਕਲਣ ਦਾ ਰਾਹ ਕੱਢਣ ਦੀ ਗਾਰੰਟੀ ਵੀ ਦਿੰਦਾ ਹੈ (1 ਕੁਰਿੰਥੀਆਂ 10:13)।

ਤੁਹਾਡਾ ਪਿਤਾ ਸਭ ਤੋਂ ਮਹਾਨ ਹੈ; ਅਤੇ ਮਨੁੱਖ ਜਾਂ ਸ਼ੈਤਾਨ ਵਿਚ ਤੁਹਾਨੂੰ ਉਸਦੇ ਹੱਥੋਂ ਖੋਹਣ ਦੀ ਤਾਕਤ ਨਹੀਂ ਹੈ (ਯੂਹੰਨਾ 10:28, 29)। ਤੁਹਾਡਾ ਕੋਈ ਅਜਿਹਾ ਕੰਮ ਹੋ ਸਕਦਾ ਹੈ ਜਿਸ ਤੋਂ ਉਹ ਭਲਾ ਪਿਤਾ ਤੁਹਾਨੂੰ ਸਦਾ ਲਈ ਛੱਡਾ ਦੇਵੇ (1 ਇਤਿਹਾਸ 28:9)। ਪਰ ਇਹ ਸਰਾਸਰ ਤੁਹਾਡੀ ਗ਼ਲਤੀ ਹੋਵੇਗੀ। ਜੇ ਤੁਸੀ ਸੁਰਗ ਵਿਚ ਜਾਣਾ ਚਾਹੁੰਦੇ ਹੋ ਤਾਂ ਉਹ ਤੁਹਾਨੂੰ ਡਿੱਗਣ ਤੋਂ ਬਚਾਉਣ ਦੇ ਸਮਰੱਥ ਹੈ ਅਤੇ ਉੱਥੇ ਹਮੇਸ਼ਾ ਖੁਸ਼ੀ ਨਾਲ ਆਪਣੀ ਵਡਿਆਈ ਦੇ ਸਾਹਮਣੇ ਬੇਕਸੂਰ ਪੇਸ਼ ਕਰੇਗਾ (ਯਹੂਦਾ 24)। ਖੱਬੇ ਪਾਸੇ ਵਾਲੇ ਲੋਕ ਜੋ ਹਮੇਸ਼ਾ ਲਈ ਦੋਸ਼ੀ ਠਹਿਰਾਏ ਜਾ ਚੁਕੇ ਹੋਣਗੇ, ਖ਼ੁਦਾ ਵੱਲ ਉਂਗਲੀ ਕਰਕੇ ਇਹ ਨਹੀਂ ਆਖ ਸਕਣਗੇ ਕਿ ‘‘ਤੇਰਾ ਹੀ ਕਸੂਰ ਹੈ।’’ ਨਹੀਂ, ਜਦ ਅਸੀਂ ਗਲਤੀ ਕਰਦੇ ਹਾਂ ਤਾਂ ਉਹਨੂੰ ਦੁੱਖ ਹੁੰਦਾ ਹੈ, ਅਤੇ ਉਸ ਧਰਮੀ ਖ਼ੁਦਾ ਨੇ, ਸਾਨੂੰ ਬਚਾਉਂਣ ਲਈ ਅਤੇ ਆਪਣੇ ਨਾਲ ਵਾਸਤੇ ਜੋ ਕੁਝ ਵੀ ਕੀਤਾ ਜਾ ਸਕਦਾ ਸੀ, ਕੀਤਾ ਹੈ।

> ਤੂੰ ਉਹਨੂੰ ਆਖ ਕਿ ਪ੍ਰਭੂ ਯਾਹੋਵਾਹ ਦਾ ਵਾਕ ਹੈ, ਮੈਨੂੰ ਆਪਣੀ ਜਾਨ ਦੀ ਸਹੁੰ, ਦੁਸ਼ਟ ਦੀ ਮੌਤ ਵਿਚ ਮੈਨੂੰ ਕੋਈ ਖੁਸ਼ੀ ਨਹੀਂ, ਸਗੋਂ ਇਸ ਵਿਚ ਹੈ, ਕਿ ਦੁਸ਼ਟ ਆਪਣੀ ਰਾਹ ਤੋਂ ਮੁੜੇ ਅਤੇ ਜੀਉਂਦਾ ਰਹੇ। ਹੇ ਇਸਰਾਏਲ ਦੇ ਘਰਾਣੇ, ਤੁਸੀਂ ਮੁੜੋ। ਤੁਸੀਂ ਆਪਣੇ ਭੈੜੇ ਰਾਹ ਤੋਂ ਮੁੜੋ! ਤੁਸੀਂ ਕਿਉਂ ਮਰੋਗੇ? (ਹਿਜ਼ਕੀਏਲ 33:11)।

ਪਿਤਾ ਚਾਹੁੰਦਾ ਹੈ ਕਿ ਸਭ ਲੋਕ ਬਚਾਏ ਜਾਣ (1 ਤਿਮੋਥਿਉਸ 2:4)। ਉਹ ਨਹੀਂ ਚਾਹੁੰਦਾ ਕਿ ਕਿਸੇ ਦਾ ਵੀ ਨਾਸ ਹੋਵੇ (2 ਪਤਰਸ 3:9)। ਜਿਵੇਂ ਦੁਨਿਆਵੀ ਬਾਪ ਆਪਣੇ ਬੱਚਿਆਂ 'ਤੇ ਦਿਆ ਕਰਦਾ ਹੈ ਤਿਵੇਂ ਹੀ ਸੁਰਗੀ ਪਿਤਾ ਉਨ੍ਹਾਂ ਤੇ ਦਿਆ ਕਰਦਾ ਹੈ ਜੋ ਉਸ ਤੋਂ ਡਰਦੇ ਹਨ, ਉਹ ਸਾਡੀ ਕਮਜ਼ੋਰੀ ਨੂੰ ਜਾਣਦਾ ਹੈ, ਉਹਨੂੰ ਚੇਤਾ ਹੈ ਭਈ ਅਸੀਂ ਮਿੱਟੀ ਹੀ ਹਾਂ (ਜ਼ਬੂਰ 103:13)। ਉਹ ''ਵੱਡਾ ਦਰਦੀ ਅਤੇ ਦਿਆਲੂ'' (ਯਾਕੂਬ 5:11)। ''ਦਿਆਲੂ ਅਤੇ ਕਿਰਪਾਲੂ ਹੈ, ਗੁੱਸੇ ਵਿਚ ਧੀਰਜ ਕਰਨ ਵਾਲਾ ਅਤੇ ਦਿਆ ਨਾਲ ਭਰਪੂਰ ਹੈ'' (ਜ਼ਬੂਰ 103:8)।

## ਸਾਰ

ਉਸਦੀ ਕਿਰਪਾ ਨਾਲ ਹੀ ਅਸੀਂ, ਉਸਦਾ ਆਤਮਾ ਪਾਉਣ ਲਈ ''ਆਪਣੇ ਪਿਤਾ'' ਅੱਗੇ ਉਵੇਂ ਦੁਆ ਕਰ ਸਕਦੇ ਹਾਂ ਜਿਵੇਂ ਗ਼ੈਰ ਮਸੀਹੀ ਨਹੀਂ ਕਰ ਸਕਦੇ। ਮਸੀਹ ਵਿਚ ਬਪਤਿਸਮਾ ਪਾਏ ਹੋਏ ਲੋਕ ਹੀ, ਅਸਲ 'ਚ ਉਸਨੂੰ ''ਹੇ ਅੱਬਾ! ਹੇ ਪਿਤਾ!'' (ਗਲਾਤੀਆਂ 4:6) ਆਖ ਸਕਦੇ ਹਨ। ਜੇ ਤੁਸੀਂ ਉਸਨੂੰ ''ਹੇ ਅੱਬਾ! ਹੇ ਪਿਤਾ!'' ਆਖ ਸਕਦੇ ਹੋ ਤਾਂ ਤੁਸੀਂ ਸ਼ੈਤਾਨ ਦੀ ਸੰਤਾਨ ਅਤੇ ਪਾਪ ਦੇ ਗੁਲਾਮ ਨਹੀਂ ਰਹੋਗੇ ''ਪਰ ਪੁੱਤਰ ਹੋ, ਅਤੇ ਜਦ ਪੁੱਤਰ ਹੋਏ ਤਾਂ ਵਾਰਿਸ ਵੀ ਹੋਏ'' (ਗਲਾਤੀਆਂ 4:7)। ਇਕ ਰਾਜ ਕੁਮਾਰ ਖੁਸ਼ੀ ਵਿਚ ਫੁਰਤੀ ਨਾਲ ਚੱਲ ਸਕਦਾ ਹੈ, ਫਿਰ ਰਾਜੇ ਦੀ ਸੰਤਾਨ ਹੋਣ ਦੇ ਨਾਤੇ ਤੁਹਾਨੂੰ ਕਿੰਨਾ ਖੁਸ਼ ਹੋਣਾ ਚਾਹੀਦਾ ਹੈ! ''ਵੇਖੋ ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਕਿ ਅਸੀਂ ਖ਼ੁਦਾ ਦੇ ਬਾਲਕ ਸਦਾਈਏ! ਅਤੇ ਇਹੋ ਅਸੀਂ ਹਾਂ ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਹਨੇ ਉਹਨੂੰ ਨਹੀਂ ਜਾਣਿਆ'' (1 ਯੂਹੰਨਾ 3:1)।

ਜਦ ਦੁਆ ਕਰੋ ਤਾਂ ਆਖੋ, ''ਹੇ ਸਾਡੇ ਪਿਤਾ।''

---

ਟਿੱਪਣੀਆਂ

[1]ਸਬਕਾਂ ਦਾ ਇਹ ਸਮੂਹ ਮੱਤੀ 6:5-9 ਵਿਚ ਸਿਖਾਈ ਗਈ ਯਿਸੂ ਦੀ ਆਦਰਸ਼ ਦੁਆ ਦੇ ਅਧਾਰ ਤੇ ਲਿਖੀ ਗਈ ਕਿਤਾਬ *ਦਿ ਡਿਸਾਈਪਲਜ਼' ਪ੍ਰੇਅਰ* ਵਿੱਚੋਂ ਲਿਆ ਗਿਆ ਹੈ। ਉਸ ਦੁਆ ਤੋਂ ਭਾਈ ਮੇਕੋਰਡ ਨੇ ਸਾਡੇ ਸੁਰਗੀ ਪਿਤਾ ਬਾਰੇ ਮਹਾਨ ਸੱਚਾਈਆਂ ਦਾ ਪਤਾ ਲਾਇਆ ਹੈ। [2]''ਕੋਈ ਮਨੁੱਖ'' ਪਹਿਲਾਂ ਹੀ ਕੁਦਰਤੀ ਜਨਮ ਰਾਹੀਂ ਖ਼ੁਦਾ ਦਾ ਪੁੱਤਰ ਹੈ, ਪਰ ਅਜਿਹਾ ਪੁੱਤਰ ਹੋਣਾ ਕਾਫ਼ੀ ਨਹੀਂ ਹੈ। [3]ਸੀ. ਆਸਟਿਨ ਮਾਈਲਸ, ''ਆਈ ਕਮ ਟੂ ਦ ਗਾਰਡਨ ਅਲੋਨ,'' *ਸੌਂਗਜ਼ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕਲਨ ਅਤੇ ਸੰਪਾਦਨ, ਆਲਟਨ ਐਚ. ਹਾਵਰਡ (ਵੈਸਟ ਮੋਨਰੋ, ਲੁਇਸਿਆਨਾ: ਹਾਵਰਡ ਪਬਲਿਸ਼ਿੰਗ ਕੰ., 1996)।